# ਦੀ ਮੁਕਤਸਰ ਸੈਂਟਰਲ ਕੋਆਪ੍ਰੇਟਿਵ ਬੈਂਕ ਲਿਮ. ਮੁਕਤਸਰ

## ਗਲੀ ਆਦਰਸ਼ ਮਾਡਲ ਸਕੂਲ, ਕੋਟਕਪੂਰਾ ਰੋਡ, ਮੁਕਤਸਰ

# ਪਬਲਿਕ ਨੋਟਿਸ

ਦੀ ਮੁਕਤਸਰ ਸੈਂਟਰਲ ਕੋਆਪ੍ਰੇਟਿਵ ਬੈਂਕ ਲਿਮਟਿਡ ਮੁਕਤਸਰ ਵੱਲੋਂ ਬੈਂਕ ਦੇ ਨਾਲ ਲੱਗਦੀਆਂ 15 ਖੇਤੀਬਾੜੀ ਸਹਿਕਾਰੀ ਸਭਾਵਾਂ (ਦੀ ਸਾਮਕੋਟ MPCS,ਦੀ ਫਤਿਹਪੁਰ ਮਨੀਆ MPCS, ਦੀ ਦਿਉਣ ਖੇੜਾ MPCS, ਦੀ ਭੀਟੀਵਾਲ MPCS, ਦੀ ਰੋੜਾਂਵਾਲੀ MPCS, ਦੀ ਕੱਖਾਂਵਾਲੀ MPCS, ਦੀ ਛਾਪਿਆਂਵਾਲੀ MPCS, ਦੀ ਰੱਤਾ ਟਿੱਬਾ MPCS, ਦੀ ਘੱਗਾ MPCS, ਦੀ ਬੁੱਟਰ ਬਖੂਹਾ MPCS, ਦੀ ਸੁਖਨਾ ਅਬਲੂ MPCS, ਦੀ ਫੱਤੇਆਣਾ MPCS, ਦੀ ਭਾਗਸਰ ਜਨਤਾ MPCS, ਦੀ ਥਾਂਦੇਵਾਲਾ MPCS ਅਤੇ ਦੀ ਮਹਾਂਬੱਧਰ MPCS) ਵਿੱਚ ਆਊਟ ਸੋਰਸਿੰਗ ਰਾਹੀਂ Business Corespondents ਲਗਾਏ ਜਾਣੇ ਹਨ। ਪ੍ਰਾਰਥੀ ਦੀ ਵਿਦਿਅਕ ਯੋਗਤਾ ਅਤੇ ਹੋਰ ਮਾਪਦੰਡ ਨਿਮਨਲਿਖਤ ਅਨੁਸਾਰ ਹਨ :-

1. ਵਿੱਦਿਅਕ ਯੋਗਤਾ
   - ੳ ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਗਰੈਜੂਏਟ ਦੀ ਡਿਗਰੀ
   - ਅ ਦਸਵੀਂ ਪੱਧਰ ਦੀ ਪੰਜਾਬੀ ਦੀ ਵਿਦਿਅਕ ਯੋਗਤਾ ਲਾਜ਼ਮੀ
   - ੲ ਉਮੀਦਵਾਰ ਨੇ ਭਾਰਤ ਸਰਕਾਰ ਦੇ ਇਲੈਕਟ੍ਰੋਨਿਕਸ ਵਿਭਾਗ ਵਿਭਾਗ ਦੇ 'ੳ' ਲੇਵਲ ਦੇ ਸਰਟੀਫਿਕੇਟ ਦਾ ਕੋਰਸ ਪਾਸ ਕੀਤਾ ਹੋਵੇ।

     ਜਾਂ

     ਉਮੀਦਵਾਰ ਨੇ ਸਰਕਾਰ ਵੱਲੋਂ ਪ੍ਰਵਾਨਿਤ ਕਿਸੇ ਸੰਸਥਾ ਜਾਂ ਕਿਸੇ ਮਸ਼ਹੂਰ ਸੰਸਥਾ ਜੋ ISO9001 ਅਨੁਸਾਰ ਤਸਦੀਕਸ਼ੁਦਾ ਹੋਵੇ ਤੋਂ ਘੱਟ-ਘੱਟ 120 ਘੰਟੇ ਦਾ ਪਰਸਨਲ ਕੰਪਿਊਟਰ ਦਾ ਕੋਰਸ ਜਾਂ ਇਨਫਰਮੇਸ਼ਨ ਟੈਕਨਾਲੋਜੀ ਵਿਚ ਆਫਿਸ ਪ੍ਰੋਡਕਟੀਵਿਟੀ ਐਪਲੀਕੇਸ਼ਨ ਦਾ ਕੋਰਸ ਜਾਂ Desktop Publishing ਦਾ ਕੋਰਸ ਕੀਤਾ ਹੋਵੇ।
   - ਸ ਪੇਂਡੂ ਪਿਛੋਕੜ (ਮੁਢਲੀ ਖੇਤੀਬਾੜੀ ਸਹਿਕਾਰੀ ਸਭਾ ਦਾ ਦਾਇਰਾ ਕਾਰੋਬਾਰ ਖੇਤਰ ਦੇ ਵਸਨੀਕ ਪ੍ਰਾਰਥੀ ਨੂੰ ਪਹਿਲ ਦਿੱਤੀ ਜਾਵੇਗੀ, ਜੇਕਰ ਦਾਇਰਾ ਕਾਰੋਬਾਰ ਦੇ ਖੇਤਰ ਵਿਚ ਕੋਈ ਪ੍ਰਾਰਥੀ ਨਹੀਂ ਉਪਲਬਧ ਹੋਵੇਗਾ ਤਾਂ ਦਾਇਰਾ ਕਾਰੋਬਾਰ ਖੇਤਰ ਦੇ ਬਾਹਰ ਵਿਚੋਂ ਪ੍ਰਾਰਥੀ ਦੀ ਚੋਣ ਕੀਤੀ ਜਾਵੇਗੀ)
2. ਹੋਰ ਮਾਪਦੰਡ
   - ੳ ਪ੍ਰਾਰਥੀ ਦੀ ਉਮਰ ਇਸ਼ਤਿਹਾਰ ਪ੍ਰਕਾਸ਼ਿਤ ਹੋਣ ਦੀ ਮਿਤੀ ਨੂੰ ਘੱਟੋ ਘੱਟ 25 ਸਾਲ ਅਤੇ ਵੱਧ ਤੋਂ ਵੱਧ 45 ਸਾਲ ਹੋਵੇ।
   - ਅ ਮੁਢਲੀ ਨਿਯੁਕਤੀ ਇਕ ਸਾਲ ਵਾਸਤੇ ਹੋਵੇਗੀ ਜਿਸ ਨੂੰ ਸਾਲ ਬਾਅਦ ਰੀਵਿਊ ਕਰਨ ਉਪਰੰਤ ਵਧਾਇਆ ਜਾ ਸਕਦਾ ਹੈ।
   - ੲ ਪ੍ਰਾਰਥੀ ਨੂੰ ਇਕ ਏਕੜ ਜ਼ਮੀਨ ਬੈਂਕ ਦੇ ਨਾਮ ਆੜ ਰਹਿਣ ਕਰਵਾਉਣੀ ਹੋਵੇਗੀ। ਜੇਕਰ ਜ਼ਮੀਨ ਨਹੀਂ ਤਾਂ 1.00 ਲੱਖ ਰੁਪਏ ਦੀ ਬੈਂਕ ਗਰੰਟੀ ਦੇਣੀ ਹੋਵੇਗੀ।
3. ਮਾਣ ਭੱਤਾ

   ਮਾਨਯੋਗ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਪੱਤਰ ਨੰਬਰ RCS/Credit-2/C.E.A.-3/2148 dated 02-11-2021 ਰਾਹੀਂ ਜਾਰੀ ਪਾਲਿਸੀ (ਸਮੇਂ ਸਮੇਂ ਸਿਰ ਹੋਣ ਵਾਲੀ ਸੋਧ) ਅਨੁਸਾਰ Business Corpondents ਨੂੰ 10,000/- ਤੋਂ 15,000/- ਰੁਪਏ ਤੱਕ (ਸਭਾ ਦੇ ਕਰਜ਼ੇ ਅਨੁਸਾਰ) Remuneration ਅਦਾ ਕੀਤਾ ਜਾਵੇਗਾ।
4. ਪ੍ਰਾਰਥੀ ਵੱਲੋਂ ਮੁਢਲੀ ਖੇਤੀਬਾੜੀ ਸਹਿਕਾਰੀ ਸਭਾ ਦੇ ਹਰ ਤਰ੍ਹਾਂ ਦੇ ਕੰਮਕਾਜ ਨੂੰ ਦੇਖਣ ਦੀ ਜ਼ਿੰਮੇਵਾਰੀ ਹੋਵੇਗੀ। ਬਾਕੀ ਸ਼ਰਤਾਂ ਮਾਨਯੋਗ ਰਜਿਸਟਰਾਰ ਸਹਿਕਾਰੀ ਸਭਾਵਾਂ, ਪੰਜਾਬ ਚੰਡੀਗੜ੍ਹ ਦੀ ਵੱਲੋਂ ਪੱਤਰ ਨੰਬਰ RCS/Credit-2/C.E.A.-3/2148 dated 02-11-2021 ਰਾਹੀਂ ਜਾਰੀ ਪਾਲਿਸੀ (ਸਮੇਂ ਸਮੇਂ ਸਿਰ ਹੋਣ ਵਾਲੀ ਸੋਧ) ਅਨੁਸਾਰ ਹੋਣਗੀਆਂ।

ਉਪਰੋਕਤ ਯੋਗਤਾਵਾਂ ਪੂਰੀਆਂ ਕਰਨ ਵਾਲੇ ਪ੍ਰਾਰਥੀ ਰਜਿਸਟਰਡ ਪੋਸਟ/ਦਸਤੀ ਰਾਹੀਂ ਆਪਣਾ ਪ੍ਰਾਰਥਨਾ ਪੱਤਰ ਜਿਸ ਵਿਚ ਪ੍ਰਾਰਥੀ ਦਾ ਨਾਮ, ਪਿਤਾ ਦਾ ਨਾਮ, ਜਨਮ ਮਿਤੀ, ਪਾਸਪੋਰਟ ਸਾਇਜ਼ ਤਸਦੀਕਸ਼ੁਦਾ ਫੋਟੋ ਮੋਬਾਈਲ ਨੰਬਰ ਈਮੇਲ ਆਈ.ਡੀ., ਪੱਕਾ ਪਤਾ, ਲਿੰਗ ਵਿੱਦਿਅਕ ਯੋਗਤਾ, ਤਜ਼ਰਬਾ (ਜੇਕਰ ਕੋਈ ਹੈ) ਸਮੇਤ ਵਿਦਿਅਕ ਯੋਗਤਾ ਸਰਟੀਫਿਕੇਟਾਂ ਦੀ ਤਸਦੀਕ ਸ਼ੁਦਾ ਕਾਪੀ ਅਤੇ ਪੱਕੇ ਪਤੇ ਦਾ ਸਬੂਤ ਅਤੇ ਅਧਾਰ ਕਾਰਡ ਦੀ ਕਾਪੀ ਪ੍ਰਾਰਥਨਾ ਪੱਤਰ ਨਾਲ ਲਗਾ ਕੇ ਦੀ ਮੁਕਤਸਰ ਕੇਂਦਰੀ ਸਹਿਕਾਰੀ ਬੈਂਕ ਲਿਮ. ਮੁੱਖ ਦਫਤਰ ਗਲੀ ਆਦਰਸ਼ ਮਾਡਲ ਸਕੂਲ, ਕੋਟਕਪੂਰਾ ਰੋਡ, ਮੁਕਤਸਰ 152026 ਵਿਖੇ ਮਿਤੀ 22-12-2022 ਨੂੰ ਸ਼ਾਮ 5.00 ਵਜੇ ਤੱਕ ਭੇਜ ਸਕਦੇ ਹਨ।

ਨੋਟ : ਸਭਾਵਾਂ ਅਤੇ ਉਨ੍ਹਾਂ ਦੇ ਅਧਿਕਾਰ ਖੇਤਰ ਦੀ ਲਿਸਟ ਕਿਸੇ ਵੀ ਕੰਮ ਵਾਲੇ ਦਿਨ ਬੈਂਕ ਦੇ ਮੁੱਖ ਦਫਤਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਸਿਲੈਕਸ਼ਨ ਕਮੇਟੀ ਵੱਲੋਂ ਪੋਸਟਾਂ ਦੀ ਗਿਣਤੀ ਕਿਸੇ ਵੀ ਸਮੇਂ ਘਟਾਈ ਜਾਂ ਵਧਾਈ ਜਾ ਸਕਦੀ ਹੈ ਅਤੇ ਇਸ ਸਾਰੀ ਪ੍ਰਕਿਰਿਆ ਦੌਰਾਨ ਸਿਲੈਕਸ਼ਨ ਕਮੇਟੀ ਦਾ ਫੈਸਲਾ ਆਖਰੀ ਹੋਵੇਗਾ। ਸਿਲੈਕਸ਼ਨ ਕਮੇਟੀ ਨੂੰ ਸੋਧੀਆਂ ਯੋਗਤਾਵਾਂ ਅਤੇ ਮਾਪਦੰਡ ਲਾਗੂ ਕਰਨ ਦਾ ਅਧਿਕਾਰ ਹੋਵੇਗਾ।

ਸਹੀ/-

ਚੇਅਰਮੈਨ ਸਿਲੈਕਸ਼ਨ ਕਮੇਟੀ

Scanned with CamScanner